BRITISH COLUMBIA
Ministry of Health

# BCHealthFiles

Punjabi - Number 25a
October 2007

# ਹੈਪਾਟਾਈਟਿਸ ਬੀ ਵੈਕਸੀਨ
## Hepatitis B Vaccine

**ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ। ਸਾਰੇ ਟੀਕੇ ਸਮੇਂ ਸਿਰ ਲਵਾਉ।**

ਸਾਰੇ ਟੀਕੇ ਸਮੇਂ ਸਿਰ ਲਵਾਉਣ ਨਾਲ ਤੁਹਾਡੇ ਬੱਚੇ ਦਾ ਉਮਰ ਭਰ ਲਈ ਕਈ ਬੀਮਾਰੀਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ।

ਇਮਿਊਨਾਇਜ਼ੇਸ਼ਨ ਨੇ ਪਿਛਲੇ 50 ਸਾਲਾਂ ਵਿਚ ਕੈਨੇਡਾ ਵਿਚ ਸਿਹਤ ਦੇ ਕਿਸੇ ਵੀ ਹੋਰ ਉਪਾਅ ਨਾਲੋਂ ਵਧੇਰੇ ਜਾਨਾਂ ਬਚਾਈਆਂ ਹਨ।

### ਹੈਪਾਟਾਈਟਿਸ ਬੀ ਵੈਕਸੀਨ ਕੀ ਹੈ?

ਹੈਪਾਟਾਈਟਿਸ ਬੀ ਵੈਕਸੀਨ ਹੈਪਾਟਾਈਟਿਸ ਬੀ ਵਾਇਰਸ ਤੋਂ ਬਚਾਅ ਕਰਦਾ ਹੈ। ਵੈਕਸੀਨ ਹੈਲਥ ਕੈਨੇਡਾ ਵੱਲੋਂ ਪ੍ਰਵਾਣਿਤ ਹੈ।

### ਵੈਕਸੀਨ ਕਿਸ ਨੂੰ ਲਵਾਉਣਾ ਚਾਹੀਦਾ ਹੈ?

ਹੈਪਾਟਾਈਟਿਸ ਬੀ ਵੈਕਸੀਨ ਤੁਹਾਡੇ ਬੱਚੇ ਦੀ ਬਾਕਾਇਦਾ ਇਮਿਊਨਾਇਜ਼ੇਸ਼ਨ ਦੇ ਇਕ ਹਿੱਸੇ ਵਜੋਂ ਮੁਫਤ ਮੁਹੱਈਆ ਕੀਤਾ ਜਾਂਦਾ ਹੈ। ਵੈਕਸੀਨ ਗਰੇਡ 6 'ਚ ਚਾਰ ਤੋਂ ਛੇ ਮਹੀਨਿਆਂ ਦੀ ਵਿੱਥ 'ਤੇ ਦੋ ਖੁਰਾਕਾਂ ਜਾਂ ਟੀਕਿਆਂ ਵਜੋਂ ਦਿੱਤਾ ਜਾਂਦਾ ਹੈ।

ਹੈਪਾਟਾਈਟਿਸ ਬੀ ਵੈਕਸੀਨ ਛੋਟੇ ਬਾਲਾਂ ਨੂੰ ਵੀ ਉਨ੍ਹਾਂ ਦੀ ਬਾਕਾਇਦਾ ਇਮਿਊਨਾਇਜ਼ੇਸ਼ਨ ਦੇ ਇਕ ਹਿੱਸੇ ਵਜੋਂ ਮੁਫਤ ਮੁਹੱਈਆ ਕੀਤਾ ਜਾਂਦਾ ਹੈ। ਵਧੇਰੇ ਜਾਣਕਾਰੀ ਲਈ ਵੇਖੋ ਬੀ.ਸੀ. ਹੈਲਥਫਾਈਲ #25c ਹੈਪਾਟਾਈਟਿਸ ਬੀ ਇਨਫੈਂਟ ਵੈਕਸੀਨ।

ਬਾਲਗਾਂ ਅਤੇ 16 ਸਾਲ ਦੀ ਉਮਰ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਵੈਕਸੀਨ ਦੀਆਂ ਤਿੰਨ ਖੁਰਾਕਾਂ ਦੀ ਜ਼ਰੂਰਤ ਹੁੰਦੀ ਹੈ।

ਹੈਪਾਟਾਈਟਿਸ ਬੀ ਦੀ ਇਨਫੈਕਸ਼ਨ ਹੋਣ ਦੇ ਜ਼ਿਆਦਾ ਖਤਰੇ ਵਾਲੇ ਬੱਚਿਆਂ ਅਤੇ ਬਾਲਗਾਂ ਨੂੰ ਵੀ ਵੈਕਸੀਨ ਮੁਫਤ ਮੁਹੱਈਆ ਕੀਤਾ ਜਾਂਦਾ ਹੈ, ਸਮੇਤ:

- 7 ਸਾਲ ਤੋਂ ਘੱਟ ਉਮਰ ਦੇ ਬੱਚੇ, ਜਿਹੜੇ ਹੈਪਾਟਾਈਟਿਸ ਬੀ ਦੇ ਜ਼ਿਆਦਾ ਖਤਰੇ ਵਾਲੇ ਲੋਕਾਂ, ਜਿਵੇਂ ਨਾੜਾਂ 'ਚ ਡਰੱਗ ਦੇ ਟੀਕਿਆਂ ਦੀ ਵਰਤੋਂ ਕਰਨ ਵਾਲੇ, ਬੰਦੇ ਜੋ ਬੰਦਿਆਂ ਨਾਲ ਸੈਕਸ ਕਰਦੇ ਹੋਣ ਜਾਂ ਸੈਕਸ ਦਾ ਧੰਦਾ ਕਰਨ ਵਾਲੇ ਲੋਕਾਂ ਨਾਲ ਰਹਿ ਰਹੇ ਹੋਣ
- 12 ਸਾਲ ਤੋਂ ਘੱਟ ਉਮਰ ਦੇ ਬੱਚੇ, ਜਿਨ੍ਹਾਂ ਦੇ ਪਰਿਵਾਰ ਹੈਪਾਟਾਈਟਿਸ ਬੀ ਦੀ ਉੱਚ ਦਰ ਵਾਲੇ ਇਲਾਕਿਆਂ ਤੋਂ ਪਰਵਾਸ ਕਰਕੇ ਆਏ ਹੋਣ
- ਬੱਚੇ, ਜਿਹੜੇ ਹੈਪਾਟਾਈਟਿਸ ਬੀ ਵਾਲੇ ਕਿਸੇ ਵਿਅਕਤੀ ਨਾਲ ਰਹਿੰਦੇ ਹੋਣ
- ਹੈਪਾਟਾਈਟਿਸ ਬੀ ਵਾਲੇ ਕਿਸੇ ਵਿਅਕਤੀ ਦੇ ਸੈਕਸ ਦੇ ਭਾਈਵਾਲ
- ਪੁਰਸ਼, ਜਿਨ੍ਹਾਂ ਦੇ ਹੋਰ ਪੁਰਸ਼ਾਂ ਨਾਲ ਸੈਕਸ ਸਬੰਧ ਹੋਣ
- ਡਰੱਗ ਦੇ ਟੀਕਿਆਂ ਦੀ ਵਰਤੋਂ ਕਰਨ ਵਾਲੇ ਅਤੇ ਉਨ੍ਹਾਂ ਦੇ ਸੈਕਸ ਦੇ ਭਾਈਵਾਲ
- ਉਹ, ਜਿਹੜੇ ਡਰੱਗ ਖਿੱਚਣ, ਸਿਗਰਟ ਪੀਣ ਜਾਂ ਟੀਕੇ ਲਾਉਂਣ ਦਾ ਸਾਜ਼-ਸਮਾਨ ਇਕ ਦੂਜੇ ਨਾਲ ਸਾਂਝਾ ਕਰਦੇ ਹੋਣ
- ਉਹ, ਜਿਨ੍ਹਾਂ ਦੇ ਕਈ ਸੈਕਸ ਭਾਈਵਾਲ ਹੋਣ ਜਾਂ ਜਿਨ੍ਹਾਂ ਨੂੰ ਤਾਜ਼ਾ ਹੀ ਸੈਕਸ ਰਾਹੀਂ ਫੈਲਣ ਵਾਲੀ ਇਨਫੈਕਸ਼ਨ ਹੋਈ ਹੋਵੇ
- ਉਹ, ਜਿਨ੍ਹਾਂ ਨੂੰ ਜਿਗਰ ਦੀ ਅਤਿ-ਗੰਭੀਰ ਬੀਮਾਰੀ, ਹੈਪਾਟਾਈਟਿਸ ਸੀ ਦੀ ਬੀਮਾਰੀ ਹੋਵੇ ਜਾਂ ਜਿਗਰ ਬਦਲਿਆ ਗਿਆ ਹੋਵੇ
- ਉਹ, ਜਿਨ੍ਹਾਂ ਨੂੰ ਗੁਰਦਿਆਂ ਦੀ ਅਤਿ-ਗੰਭੀਰ ਬੀਮਾਰੀ ਹੋਵੇ, ਸਮੇਤ ਪ੍ਰੀਡਾਇਲਿਸਿਸ, ਹੈਮੋਡਾਇਲਿਸਿਸ ਜਾਂ ਪੈਰੀਟੋਨੀਲ ਡਾਇਲਿਸਿਸ ਦੇ ਮਰੀਜ਼
- ਉਹ, ਜਿੰਨ੍ਹਾਂ ਦਾ ਗੁਰਦਾ ਜਾਂ ਸਟੈੱਮ ਸੈੱਲ ਬਦਲਿਆ ਗਿਆ ਹੋਵੇ
- ਉਹ, ਜਿਨ੍ਹਾਂ ਨੂੰ ਹੈਮੋਫਿਲੀਆ ਹੋਵੇ ਜਾਂ ਜਿਨ੍ਹਾਂ ਨੂੰ ਬਾਰ ਬਾਰ ਖੂਨ ਜਾਂ ਖੂਨ ਦੇ ਪ੍ਰਾਡਕਟ ਚੜ੍ਹਾਏ ਜਾਂਦੇ ਹੋਣ
- ਕਿਸੇ ਜੇਲ ਦੇ ਸਾਥੀ ਸੰਗੀ
- ਵਿਦਿਆਰਥੀ, ਜਿਹੜੇ ਸਿਹਤ ਸੰਭਾਲ ਦੇ ਪ੍ਰੋਫੈਸ਼ਨ 'ਚ ਸਿਖਲਾਈ ਲੈ ਰਹੇ ਹੋਣ, ਜਿਨ੍ਹਾਂ ਦਾ ਖੂਨ ਜਾਂ ਸਰੀਰਕ ਦ੍ਰਵਾਂ ਨਾਲ ਸੰਪਰਕ ਹੋ ਸਕਦਾ ਹੋਵੇ
- ਬਾਲ ਸੰਭਾਲ ਕੇਂਦਰ ਦੇ ਅਧਿਆਪਕ, ਸਟਾਫ ਅਤੇ ਵਿਦਿਆਰਥੀ, ਜਿਥੇ ਹੈਪਾਟਾਈਟਿਸ ਬੀ ਵਾਲਾ ਅਜਿਹਾ ਬੱਚਾ ਆਉਂਦਾ ਹੋਵੇ ਜਿਸਦਾ ਵਿਵਹਾਰ ਜਾਂ ਮੈਡੀਕਲ ਹਾਲਤਾਂ ਉਸਦੇ ਖੂਨ ਜਾਂ ਸਰੀਰਕ ਦ੍ਰਵਾਂ ਨਾਲ ਸੰਪਰਕ ਹੋਣ ਦੇ ਮੌਕਿਆਂ ਨੂੰ ਵਧਾਉਂਦੀਆਂ ਹੋਣ
- ਵਿਕਾਸ ਪੱਖੋਂ ਅਧੂਰੇ ਲੋਕਾਂ ਲਈ ਬਣੇ ਕਿਸੇ ਕਮਿਊਨਿਟੀ ਗਰੁੱਪ ਹੋਮ ਦਾ ਸਟਾਫ ਜਾਂ ਨਿਵਾਸੀ।

ਜੇਕਰ ਤੁਸੀਂ ਮੁਫਤ ਵੈਕਸੀਨ ਪ੍ਰਾਪਤ ਕਰਨ ਦੇ ਯੋਗ ਨਹੀਂ ਹੋ ਤਾਂ ਆਪਣੇ ਡਾਕਟਰ ਜਾਂ ਪਬਲਿਕ ਹੈਲਥ ਯੂਨਿਟ ਨਾਲ ਵੈਕਸੀਨ ਖਰੀਦਣ ਬਾਰੇ ਗੱਲ ਕਰੋ। ਲਈਆਂ ਗਈਆਂ ਸਾਰੀਆਂ ਇਮਿਊਨਾਇਜ਼ੇਸ਼ਨਾਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ।

## ਵੈਕਸੀਨ ਦੇ ਫਾਇਦੇ

ਹੈਪਾਟਾਈਟਿਸ ਬੀ ਵੈਕਸੀਨ ਹੈਪਾਟਾਈਟਿਸ ਬੀ ਇਨਫੈਕਸ਼ਨ ਅਤੇ ਇਸਦੀਆਂ ਜਟਿਲਤਾਵਾਂ, ਸਮੇਤ ਜਿਗਰ ਦੇ ਸਥਾਈ ਨੁਕਸਾਨ ਜੋ ਜਿਗਰ ਦੇ ਕੈਂਸਰ ਅਤੇ ਮੌਤ ਤੱਕ ਪੁੱਜ ਸਕਦਾ ਹੈ, ਤੋਂ ਬਚਾਅ ਦਾ ਸਭ ਤੋਂ ਉੱਤਮ ਤਰੀਕਾ ਹੈ। ਜਦੋਂ ਤੁਸੀਂ ਵੈਕਸੀਨ ਲਵਾ ਲੈਂਦੇ ਹੋ ਤਾਂ ਤੁਸੀਂ ਨਾਲ ਹੀ ਦੂਜਿਆਂ ਦੇ ਬਚਾਅ ਵਿਚ ਮਦਦ ਕਰਦੇ ਹੋ।

## ਵੈਕਸੀਨ ਤੋਂ ਮਗਰੋਂ ਦੇ ਸੰਭਵ ਰੀਐਕਸ਼ਨ

ਵੈਕਸੀਨ ਬਹੁਤ ਸੁਰੱਖਿਅਤ ਹਨ। ਹੈਪਾਟਾਈਟਿਸ ਬੀ ਹੋ ਲੈਣ ਦੇਣ ਨਾਲੋਂ ਇਸਦਾ ਵੈਕਸੀਨ ਲਵਾ ਲੈਣਾ ਕਿਤੇ ਵਧੇਰੇ ਸੁਰੱਖਿਅਤ ਹੈ।

ਵੈਕਸੀਨ ਦੇ ਆਮ ਰੀਐਕਸ਼ਨਾਂ 'ਚ ਸ਼ਾਮਲ ਹੋ ਸਕਦਾ ਹੈ, ਜਿਸ ਥਾਂ ਟੀਕਾ ਲੱਗਿਆ ਹੋਵੇ ਉਥੋਂ ਦੁਖਣਾ, ਲਾਲ ਹੋਣਾ ਅਤੇ ਸੋਜ ਪੈਣਾ। ਕੁਝ ਕੁ ਨੂੰ ਹਲਕਾ ਬੁਖਾਰ ਹੋ ਸਕਦਾ ਹੈ।

> Acetaminophen ਜਾਂ Tylenol® ਬੁਖਾਰ ਲਈ ਅਤੇ ਦੁਖਣ ਤੋਂ ਦਿੱਤੀ ਜਾ ਸਕਦੀ ਹੈ। ASA ਜਾਂ Aspirin® ਰੇ ਸਿੰਡਰੋਮ ਦੇ ਖਤਰੇ ਕਾਰਨ 20 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

ਕੋਈ ਵੀ ਵੈਕਸੀਨ ਲੈਣ ਤੋਂ ਮਗਰੋਂ 15 ਮਿੰਟ ਕਲੀਨਿਕ ਵਿਚ ਰੁਕਣਾ ਮਹੱਤਵਪੂਰਨ ਹੈ ਕਿਉਂਕਿ ਭਾਵੇਂ ਬੇਹੱਦ ਹੀ ਘੱਟ, ਇਕ ਜਾਨ ਦੇ ਖਤਰੇ ਵਾਲੀ ਐਲਰਜੀ ਰੀਐਕਸ਼ਨ ਦੀ ਸੰਭਾਵਨਾ ਹੁੰਦੀ ਹੈ, ਜਿਸਨੂੰ ਐਨਾਫਾਇਲੈਕਸਿਸ ਕਿਹਾ ਜਾਂਦਾ ਹੈ। ਇਸ ਨਾਲ ਛਪਾਕੀ, ਸਾਹ ਲੈਣ ਵਿਚ ਤਕਲੀਫ ਜਾਂ ਗਲੇ, ਜੀਭ ਜਾਂ ਬੁੱਲ੍ਹਾਂ ਦੀ ਸੋਜ ਹੋ ਸਕਦੀ ਹੈ। ਜੇਕਰ ਇੰਜ ਤੁਹਾਡੇ ਕਲੀਨਿਕ ਵਿਚੋਂ ਨਿਕਲ ਆਉਣ ਤੋਂ ਮਗਰੋਂ ਹੁੰਦਾ ਹੈ ਤਾਂ 911 ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਫੋਨ ਕਰੋ। ਇਸ ਰੀਐਕਸ਼ਨ ਦਾ ਇਲਾਜ ਹੋ ਸਕਦਾ ਹੈ ਅਤੇ ਇਹ ਵੈਕਸੀਨ ਲੈਣ ਵਾਲੇ ਇਕ ਮਿਲੀਅਨ ਲੋਕਾਂ ਵਿਚੋਂ ਇਕ ਤੋਂ ਵੀ ਘੱਟ ਜਣੇ ਨੂੰ ਹੁੰਦਾ ਹੈ।

**ਗੰਭੀਰ ਜਾਂ ਅਚਨਚੇਤ ਰੀਐਕਸ਼ਨਾਂ ਦੀ ਰਿਪੋਰਟ ਆਪਣੇ ਪਬਲਿਕ ਹੈਲਥ ਨਰਸ ਜਾਂ ਡਾਕਟਰ ਨੂੰ ਕਰੋ।**

## ਕਿਸ ਨੂੰ ਵੈਕਸੀਨ ਨਹੀਂ ਲਗਵਾਉਣਾ ਚਾਹੀਦਾ?

ਜੇਕਰ ਤੁਹਾਨੂੰ ਹੈਪਾਟਾਈਟਿਸ ਬੀ ਵੈਕਸੀਨ ਜਾਂ ਵੈਕਸੀਨ ਵਿਚਲੀ ਕਿਸੇ ਚੀਜ਼, ਸਮੇਤ ਯੀਸਟ, ਦੀ ਕਿਸੇ ਪਹਿਲਾਂ ਦਿੱਤੀ ਖੁਰਾਕ ਜਾਂ ਕੱਚੀ ਰਬੜ ਨਾਲ ਜਾਨ ਦੇ ਖਤਰੇ ਵਾਲਾ ਰੀਐਕਸ਼ਨ ਹੋਇਆ ਹੋਵੇ ਤਾਂ ਕਿਸੇ ਪਬਲਿਕ ਹੈਲਥ ਨਰਸ ਜਾਂ ਡਾਕਟਰ ਨਾਲ ਗੱਲ ਕਰੋ।

## ਹੈਪਾਟਾਈਟਿਸ ਬੀ ਇਨਫੈਕਸ਼ਨ ਕੀ ਹੈ?

ਹੈਪਾਟਾਈਟਿਸ ਬੀ ਇਕ ਵਾਇਰਸ ਹੈ ਜਿਹੜਾ ਜਿਗਰ 'ਤੇ ਹਮਲਾ ਕਰਦਾ ਹੈ। ਇਹ ਗੰਭੀਰ ਸਿਹਤ ਸਮੱਸਿਆਵਾਂ ਪੈਦਾ ਕਰ ਸਕਦਾ ਹੈ ਜਿਸ 'ਚ ਸ਼ਾਮਲ ਹੋ ਸਕਦਾ ਹੈ ਜਿਗਰ ਦਾ ਸਥਾਈ ਨੁਕਸਾਨ (ਸਾਈਰੋਸਿਸ)। ਹੈਪਾਟਾਈਟਿਸ ਬੀ ਜਿਗਰ ਦੀ ਕੈਂਸਰ ਦਾ ਵੀ ਮੁੱਖ ਕਾਰਨ ਹੈ, ਜਿਹੜੀ ਜਾਨਲੇਵਾ ਹੋ ਸਕਦੀ ਹੈ। ਹੈਪਾਟਾਈਟਿਸ ਬੀ ਵਾਇਰਸ ਇਨਫੈਕਸ਼ਨ ਵਾਲੇ ਕਿਸੇ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਖੂਨ ਜਾਂ ਸਰੀਰਕ ਦ੍ਰਵਾਂ ਦੇ ਸੰਪਰਕ ਦੁਆਰਾ ਫੈਲਦਾ ਹੈ, ਜਿਵੇਂ ਵਰਤੀ ਗਈ ਸੂਈ ਅਚਨਚੇਤ ਚੁੱਭ ਜਾਣਾ, ਗੂੜ੍ਹੇ ਸੈਕਸ ਸਬੰਧ, ਇਨਫੈਕਸ਼ਨ ਵਾਲੇ ਖੂਨ ਦੇ ਛਿੱਟੇ ਮੂੰਹ, ਨੱਕ ਜਾਂ ਅੱਖਾਂ 'ਚ ਪੈ ਜਾਣੇ, ਇਨਫੈਕਸ਼ਨ ਵਾਲੇ ਵਿਅਕਤੀ ਦੁਆਰਾ ਵੱਢੇ ਜਾਣਾ, ਜਾਂ ਖੂਨ ਨਾਲ ਦੂਸ਼ਤ ਹੋਈਆਂ ਵਸਤਾਂ ਜਿਵੇਂ ਦੰਦਾਂ ਵਾਲਾ ਬੁਰਸ਼, ਦੰਦਾਂ 'ਚ ਫੇਰਨ ਵਾਲਾ ਧਾਗਾ ਜਾਂ ਬਲੇਡ ਸਾਂਝਾ ਕਰਨ ਦੁਆਰਾ। ਮਾਵਾਂ, ਜਿਹੜੀਆਂ ਨੂੰ ਹੈਪਾਟਾਈਟਿਸ ਬੀ ਵਾਇਰਸ ਦੀ ਇਨਫੈਕਸ਼ਨ ਹੋਵੇ, ਜਨਮ ਦੇਣ ਦੌਰਾਨ ਵਾਇਰਸ ਆਪਣੇ ਨਵ-ਜਨਮੇਂ ਬਾਲਾਂ ਤੱਕ ਪੁਚਾ ਸਕਦੀਆਂ ਹਨ।

ਵਾਇਰਸ ਦੇ ਸਰੀਰ 'ਚ ਦਾਖਲ ਹੋਣ ਤੋਂ ਮਗਰੋਂ ਬੀਮਾਰੀ ਦੇ ਲੱਛਣ ਵਿਕਸਤ ਹੋਣ ਨੂੰ ਆਮ ਤੋਰ 'ਤੇ ਦੋ ਤੋਂ ਤਿੰਨ ਮਹੀਨੇ ਲੱਗਦੇ ਹਨ। ਕਈ ਲੋਕ 'ਚ ਜਿਨ੍ਹਾਂ ਨੂੰ ਹੈਪਾਟਾਈਟਿਸ ਬੀ ਹੋ ਜਾਂਦਾ ਹੈ, ਕੋਈ ਰੋਗ-ਲੱਛਣ ਜ਼ਾਹਰ ਨਹੀਂ ਕਰਦੇ ਅਤੇ ਹੋ ਸਕਦਾ ਜਾਣਦੇ ਹੀ ਨਾ ਹੋਣ ਕਿ ਉਨ੍ਹਾਂ ਨੂੰ ਬੀਮਾਰੀ ਹੈ। ਬੀਮਾਰੀ ਦੇ ਲੱਛਣ ਹੋਣ ਜਾਂ ਨਾ ਹੋਣ, ਤੁਸੀਂ ਵਾਇਰਸ ਦੂਜਿਆਂ ਤੱਕ ਪੁਚਾ ਸਕਦੇ ਹੋ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਇਮਿਊਨਾਈਜ਼ੇਸ਼ਨ ਤੋਂ ਪਹਿਲਾਂ ਮਾਪਿਆਂ ਜਾਂ ਸਰਪ੍ਰਸਤਾਂ ਦੀ ਸਹਿਮਤੀ ਲੈਣ ਲਈ ਯਤਨ ਕੀਤਾ ਜਾਂਦਾ ਹੈ। 19 ਸਾਲ ਤੋਂ ਘੱਟ ਉਮਰ ਦੇ ਬੱਚੇ ਜਿਹੜੇ ਖਤਰਿਆਂ ਅਤੇ ਫਾਇਦਿਆਂ ਨੂੰ ਸਮਝਣ ਦੇ ਯੋਗ ਹੋਣ, ਇਮਿਊਨਾਇਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ, ਭਾਵੇਂ ਉਨ੍ਹਾਂ ਦੇ ਮਾਪਿਆਂ ਜਾਂ ਸਰਪ੍ਰਸਤਾਂ ਦੀਆਂ ਇੱਛਾਵਾਂ ਕੁਝ ਵੀ ਹੋਣ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਮਾਪੇ/ਸਰਪ੍ਰਸਤ ਅਤੇ ਉਨ੍ਹਾਂ ਦੇ ਨਾਬਾਲਗ ਬੱਚੇ ਇਮਿਊਨਾਇਜ਼ੇਸ਼ਨ ਬਾਰੇ ਪਹਿਲਾਂ ਗੱਲਬਾਤ ਕਰ ਲੈਣ ਅਤੇ ਕੋਈ ਵੀ ਸਵਾਲ ਹੋਵੇ ਤਾਂ ਨਰਸ ਜਾਂ ਡਾਕਟਰ ਨੂੰ ਪੁੱਛ ਲੈਣ।

> ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਲਈ ਵੇਖੋ **www.bchealthguide.org/healthfiles/index.stm**, ਜਾਂ ਆਪਣੇ ਸਥਾਨਕ ਪਬਲਿਕ ਹੈਲਥ ਯੂਨਿਟ ਜਾਓ।
>
> ਕਿਸੇ ਰਜਿਸਟਰਡ ਨਰਸ ਨਾਲ ਗੱਲ ਕਰਨ ਲਈ, ਹਰ ਰੋਜ਼ **24**-ਘੰਟੇ ਖੁੱਲੀ ਬੀ.ਸੀ. ਨਰਸਲਾਈਨ ਨੂੰ ਹੇਠ ਲਿਖੇ ਨੰਬਰਾਂ ਤੇ ਫੋਨ ਕਰੋ:
> - ਗ੍ਰੇਟਰ ਵੈਨਕੂਵਰ ਵਿਚ, 604-215-4700 'ਤੇ ਫੋਨ ਕਰੋ
> - ਬੀ.ਸੀ. ਵਿਚ ਟੋਲ-ਫਰੀ ਨੰਬਰ 1-866-215-4700 'ਤੇ ਫੋਨ ਕਰੋ
> - ਬੋਲ਼ੇ ਅਤੇ ਘੱਟ ਸੁਣਨ ਵਾਲੇ ਵਿਅਕਤੀ, 1-866-889-4700 'ਤੇ ਫੋਨ ਕਰਨ
> - ਫਾਰਮਾਸਿਸਟ ਹਰ ਰੋਜ਼ ਸ਼ਾਮ ਦੇ 5 ਵਜੇ ਤੋਂ ਸਵੇਰ ਦੇ 9 ਵਜੇ ਤੱਕ ਉਪਲਬਧ
> - ਬੇਨਤੀ ਕਰਨ 'ਤੇ ਤਰਜਮੇ ਦੀਆਂ ਸੇਵਾਵਾਂ 130 ਤੋਂ ਵੱਧ ਜ਼ੁਬਾਨਾਂ ਵਿਚ ਉਪਲਬਧ ਹਨ।
>
> **www.bchealthguide.org**'ਤੇ ਬੀ.ਸੀ. ਹੈਲਥ ਗਾਈਡ ਆਨਲਾਈਨ ਵੇਖੋ – ਦੁਨੀਆ ਭਰ ਦੀ ਸਿਹਤ ਸਬੰਧੀ ਜਾਣਕਾਰੀ ਜਿਸ 'ਤੇ ਤੁਸੀਂ ਭਰੋਸਾ ਕਰ ਸਕਦੇ ਹੋ।